Weekly

# CANADA SIKH TIMES

21 - 27 September 2025 | ਕੈਨੇਡਾ ਸਿੱਖ ਟਾਈਮਜ਼ | Volume 3 Issue 38

• RELIGION • CULTURE • HERITAGE • BUSINESS

## ਪੰਜਾਬ ਦੀ ਧੀ ਗੁਰਸ਼ਰਨ ਕੌਰ ਨੇ ਚਮਕਾਇਆ ਫਿਰੋਜ਼ਪੁਰ ਜ਼ਿਲ੍ਹੇ ਦਾ ਨਾਂ




ਫ਼ਿਰੋਜ਼ਪੁਰ ਜ਼ਿਲ੍ਹੇ ਦੇ ਪਿੰਡ ਬੰਡਾਲਾ ਦੀ ਹੋਣਹਾਰ ਧੀ ਗੁਰਸ਼ਰਨ ਕੌਰ ਵਿਰਕ ਨੇ ਸਾਹਿਤ ਦੇ ਖੇਤਰ ’ਚ ਇੱਕ ਨਵਾਂ ਕੀਰਤੀਮਾਨ ਸਥਾਪਿਤ ਕਰਕੇ ਸਾਰੇ ਪੰਜਾਬ ਦਾ ਮਾਣ ਵਧਾਇਆ ਹੈ। ਗੁਰਸ਼ਰਨ ਨੇ ਸਿਰਫ਼ ਡੇਢ ਮਿੰਟ ’ਚ ਅੱਠ ਕਵਿਤਾਵਾਂ ਲਿਖ ਕੇ ‘ਇੰਡੀਆ ਬੁੱਕ ਆਫ ਰਿਕਾਰਡਸ 2025’ (IBR) ’ਚ ਆਪਣਾ ਨਾਮ ਸੋਨੇ ਦੇ ਅੱਖਰਾਂ ਨਾਲ ਦਰਜ ਕਰਵਾਇਆ ਹੈ। ਇਹ ਪਹਿਲੀ ਵਾਰ ਹੈ ਜਦੋਂ ਕੋਈ ਗੁਰਸਿੱਖ ਬੱਚੀ ਨੇ ਇਹ ਮਾਣਮੱਤਾ ਮੁਕਾਮ ਹਾਸਲ ਕੀਤਾ ਹੈ। ਇਹ ਗੱਲ ਵੀ ਖਾਸ ਹੈ ਕਿ ਪਿੰਡ ਬੰਡਾਲਾ ਵਰਤਮਾਨ ਵਿੱਚ ਹੜ੍ਹਾਂ ਕਾਰਨ ਪੂਰੀ ਤਰ੍ਹਾਂ ਪਾਣੀ ’ਚ ਡੁਬਿਆ ਹੋਇਆ ਹੈ, ਪਰ ਇਸ ਮੁਸੀਬਤ ਦੇ ਬਾਵਜੂਦ ਗੁਰਸ਼ਰਨ ਨੇ ਆਪਣਾ ਟੀਚਾ ਪ੍ਰਾਪਤ ਕਰਨ ’ਚ ਸਫਲਤਾ ਪ੍ਰਾਪਤ ਕੀਤੀ। ਗੁਰਸ਼ਰਨ ਨੂੰ ਇਸ ਸਫਲਤਾ ਲਈ ‘ਇੰਡੀਆ ਬੁੱਕ ਆਫ ਰਿਕਾਰਡਸ’ ਵੱਲੋਂ ਇੱਕ ਸਨਮਾਨਿਤ ਸਰਟੀਫਿਕੇਟ ਤੇ ਸੋਨੇ ਦਾ ਤਗਮਾ ਦਿੱਤਾ ਗਿਆ ਹੈ। ਗੁਰਸ਼ਰਨ ਦੀ ਇਹ ਕਾਮਯਾਬੀ ਨੌਜਵਾਨ ਪੀੜ੍ਹੀ ਲਈ ਪ੍ਰੇਰਣਾ ਸਰੋਤ ਹੈ, ਜੋ ਦਰਸਾਉਂਦੀ ਹੈ ਕਿ ਸਖ਼ਤ ਮਿਹਨਤ ਅਤੇ ਦ੍ਰਿੜ੍ਹ ਸੰਕਲਪ ਨਾਲ ਕੋਈ ਵੀ ਮੁਸ਼ਕਿਲ ਪਾਰ ਕੀਤੀ ਜਾ ਸਕਦੀ ਹੈ।

## First Sikh to Win Canadian National Wrestling Championship



Gurjot Singh Kooner has carved his name into Canadian sports history by becoming the first Sikh to win the Canadian National Wrestling Championship. A six-time national titleholder, Kooner's journey is an inspiring story of passion, perseverance, and pride in identity. From these humble beginnings, Kooner rose to captain the SFU Varsity Wrestling Team, earning respect for his discipline and leadership. Representing Canada on the international stage, he continues to be a role model for young athletes, especially those from underrepresented communities. His success is not just about medals but about showing that faith and culture can thrive alongside athletic excellence. Gurjot's triumph reminds the world that representation matters and that champions can come from anywhere.

## From Ferozpur to Toronto
## Mandeep Singh Mal Becomes Special Constable



Mandeep Singh Mal's story is a powerful example of determination and perseverance. Hailing from a small village in Ferozpur district, Punjab, he moved to Canada in 2017 as an international student, carrying with him a dream of joining law enforcement. Life in a new country was not easy—balancing studies, work, and the challenges of settling abroad demanded courage and resilience. Over the next four to five years, Mandeep worked tirelessly, staying focused on his goal despite obstacles and setbacks.

His hard work eventually paid off when he earned the prestigious position of Special Constable with the Toronto Police. This milestone is more than a personal achievement; it's a moment of pride for his family and community back home. Mandeep's journey serves as an inspiration for young students and immigrants who aspire to build a meaningful life abroad. His success is proof that with dedication, patience, and relentless effort, even the most ambitious dreams can become reality.

DESH VIDESH

# ਭਗਤ ਕਬੀਰ ਜੀ: ਜੀਵਨ ਤੇ ਰਚਨਾ

- ਸਰਦਾਰਨੀ ਮਮਤਾ ਕੌਰ (ਝਾਰਖੰਡ)

ਮੱਧ ਕਾਲੀ ਭਾਰਤ ਦੇ ਧਾਰਮਿਕ ਖੇਤਰ ਵਿੱਚ ਕਰਮ- ਕਾਂਡਾਂ, ਪਖੰਡਾਂ,ਅੰਧ ਵਿਸ਼ਵਾਸਾਂ, ਤੇ ਤਰ੍ਹਾਂ- ਤਰ੍ਹਾਂ ਦੇ ਧਾਰਮਿਕ ਭੇਖਾਂ ਦਾ ਬੋਲਬਾਲਾ ਸੀ। "ਭਗਤ ਕਬੀਰ ਜੀ ਮੱਧ-ਕਾਲ ਦੇ ਭਗਤੀ ਲਹਿਰ ਦੇ ਇਕ ਬੜੇ ਪ੍ਰਸਿੱਧ, ਪ੍ਰਤਿਭਾਸ਼ਾਲੀ, ਪ੍ਰਬੁੱਧ ਪ੍ਰਕਾਸ਼ ਵਾਲੇ,ਸਮਾਜ ਸੁਧਾਰਕ, ਭਗਤੀ ਲਹਿਰ ਨੂੰ ਸ਼ਿਖਰ ਤੇ ਸਮਰੱਥਾ ਪ੍ਰਦਾਨ ਕਰਨ ਵਾਲੇ ਉਜਾਗਰ ਭਗਤ ਸਨ।"

ਭਗਤ ਕਬੀਰ ਜੀ ਰਾਮਾਨੰਦ ਜੀ ਦੇ ਉਪਦੇਸ਼ਾ ਤੋਂ ਪ੍ਰਭਾਵਿਤ ਸਨ। ਭਗਤ ਕਬੀਰ ਜੀ ਦੀ ਬਾਣੀ ਸਰਬ ਸਾਂਝੀ ਹੈ ਤੇ ਹਰ ਮਜਹਬ, ਹਰ ਫ਼ਿਰਕੇ ਤੇ ਹਰ ਜਾਤੀ ਦਾ ਮਨੁੱਖ ਪੜ ਕੇ ਆਨੰਦ ਮਾਣਦਾ ਹੈ। ਗੁਰੂ ਅਰਜਨ ਸਾਹਿਬ ਜੀ ਨੇ "ਕਬੀਰ ਧਿਆਇਓ ਏਕ ਰੰਗ" ਲਿਖ ਕੇ ਸਤਿਕਾਰਿਆ ਹੈ। ਅਤੇ ਭਗਤਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਕਰਦਿਆਂ ਪਹਿਲੀ ਥਾਂ ਦਿੱਤੀ ਹੈ।

ਭਗਤ ਕਬੀਰ ਜੀ ਦਾ ਜਨਮ ਬਨਾਰਸ (ਵਾਰਾਣਸੀ/ਕਾਂਸ਼ੀ) ਵਿਚ 1398 ਈਸਵੀ (ਸੰਮਤ 1455) ਵਿਚ ਮੁਸਲਮਾਨ ਜੁਲਾਹੇ ਦੇ ਘਰ ਹੋਇਆ, ਦੇਹਾਂਤ 1518 ਈਸਵੀ ਨੂੰ। ਭਗਤ ਕਬੀਰ ਜੀ ਗ੍ਰਿਹਸਤ ਦੇ ਫ਼ਰਜ਼ਾਂ ਦੇ ਨਾਲ ਹੀ ਪ੍ਰਭੂ ਭਗਤੀ ਵਿਚ ਲੀਨ ਰਹਿੰਦੇ। ਜੀਵਨ ਨਿਰਬਾਹ ਲਈ ਪਿਤਾ-ਪੁਰਖੀ ਕਿੱਤਾ ਕੱਪੜਾ ਬੁਣਨ ਦਾ ਹੀ ਕਰਦੇ ਸਨ। ਉਨ੍ਹਾਂ 'ਮਾਇਆ ਵਿਚ ਉਦਾਸੀ' ਵਾਲਾ ਜੀਵਨ ਬਿਤਾਇਆ। ਇੰਝ ਉਹ ਅਮੁੱਲ ਆਤਮਕ-ਗੁਣਾਂ ਦੇ ਮਾਲਕ ਬਣ ਗਏ। ਗੁਰੂ ਅਰਜਨ ਸਾਹਿਬ ਜੀ ਉਨ੍ਹਾਂ ਬਾਰੇ ਆਸਾ ਮਹਲਾ 5 ਅੰਕ 487 ਵਿਚ ਫਰਮਾਇਆ ਹੈ:

**ਬੁਨਨਾ ਤਨਨਾ ਤਿਆਗਿ ਕੈ ਪ੍ਰੀਤਿ ਚਰਨ ਕਬੀਰਾ॥**
**ਨੀਚ ਕੁਲਾ ਜੋਲਾਹਰਾ ਭਇਓ ਗੁਨੀਯ ਗਹੀਰਾ॥**

**ਭਗਤ ਕਬੀਰ ਜੀ ਦੀ ਬਾਣੀ:** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ 15 ਭਗਤਾਂ ਦੀ ਬਾਣੀ ਦਰਜ ਕੀਤੀ ਗਈ ਹੈ, ਉਨ੍ਹਾਂ ਵਿਚ ਭਗਤ ਕਬੀਰ ਜੀ ਦੀ ਬਾਣੀ ਸਭ ਤੋਂ ਵਧੇਰੇ ਹੈ। ਭਗਤ ਕਬੀਰ ਜੀ ਨੇ 17 ਰਾਗਾਂ ਵਿਚ 224 ਸ਼ਬਦ ਉਚਾਰੇ ਹਨ।ਹੋਰ 'ਬਾਵਨ ਅਖਰੀ','ਥਿਤੀ ਵਾਰ 2' ਅਤੇ 'ਸਲੋਕ ਭਗਤ ਕਬੀਰ ਜੀਉ ਕੇ' (ਅੰਕ 1364-1377) ਸਿਰਲੇਖ ਹੇਠ 243 ਸਲੋਕ ਹਨ, ਜਿਨ੍ਹਾਂ ਵਿਚ ਕੁਝ ਸਲੋਕ ਗੁਰੂ ਅਰਜਨ ਸਾਹਿਬ ਜੀ ਤੇ ਗੁਰੂ ਅਮਰਦਾਸ ਜੀ ਦੇ ਹਨ।

| **ਰਾਗੁ** | **ਸ਼ਬਦ** | **ਅੰਕ** |
|---|---|---|
| ਸਿਰੀ | 2 | 91-92 |
| ਗਉੜੀ | 74 | 323-340 |
| ਆਸਾ | 37 | 475-484 |
| ਗੁਜਰੀ | 2 | 524 |
| ਸੋਰਠਿ | 11 | 654-656 |
| ਧਨਾਸਰੀ | 5 | 691-692 |
| ਤਿਲੰਗ | 1 | 727 |
| ਸੂਹੀ | 5 | 792-793 |
| ਬਿਲਾਵਲੁ | 12 | 855-857 |
| ਗੋਂਡ | 11 | 870-873 |
| ਰਾਮਕਲੀ | 12 | 968-972 |
| ਮਾਰੂ | 11 | 1102-1106 |
| ਕੇਦਾਰਾ | 6 | 1123-1124 |
| ਭੈਰਉ | 20 | 1157-1163 |
| ਬਸੰਤ | 8 | 1193-1196 |
| ਸਾਰੰਗ | 2 | 1251-1252 |
| ਪ੍ਰਭਾਤੀ | 5 | 1349-1350 |

ਭਗਤ ਕਬੀਰ ਜੀ ਨੇ 'ਸੱਚ' ਦਾ ਪ੍ਰਚਾਰ ਕੀਤਾ। ਉਨ੍ਹਾਂ ਨੇ ਨਿਰੰਤਰ ਸਾਧਨਾ ਨਾਲ, ਪ੍ਰਭੂ ਨਾਲ ਸਾਂਝ ਪਾ ਕੇ, ਪ੍ਰਭੂ ਨਾਲ ਇਕਸੁਰਤਾ ਕਾਇਮ ਕਰਕੇ "ਰਾਮ ਕਬੀਰਾ ਏਕ ਭਏ ਹੈ" (ਅੰਕ 969) ਵਾਲੀ ਅਵਸਥਾ ਪ੍ਰਾਪਤ ਕੀਤੀ। ਇਸ ਅਵਸਥਾ ਨੇ ਹੀ ਉਨ੍ਹਾਂ ਨੂੰ 'ਜੀਵਨ ਦੇ ਸੱਚ' ਦੀ ਦਾਤ ਬਖਸ਼ੀ। 'ਸੱਚ' ਦੇ ਕਦੇ ਵੀ ਪੁਰਾਣਾ ਨਹੀਂ ਹੁੰਦਾ। ਏਸੇ ਲਈ ਸਤਿਗੁਰੂ ਨਾਨਕ ਪਾਤਸ਼ਾਹ ਸਮਝਾਉਂਦੇ ਹਨ:

**ਸਚੁ ਪੁਰਾਣਾ ਹੋਵੈ ਨਾਹੀ ਸੀਤਾ ਕਦੇ ਨ ਪਾਟੈ॥**

(ਰਾਮਕਲੀ ਮਹਲਾ ੧ ਅੰਕ 956)

## ਸਿੱਖ ਨੈਸ਼ਨਲ ਕਾਲਜ ਬੰਗਾ ਦਾ ਆਰਟਸ ਵਿਭਾਗ ਜਿੱਤਿਆ "ਪਰਵਾਜ਼ 2025"




ਸਿੱਖ ਨੈਸ਼ਨਲ ਕਾਲਜ ਬੰਗਾ ਦੇ ਕਲਾ ਤੇ ਸੱਭਿਆਚਾਰ ਵਿਭਾਗ ਪ੍ਰਿੰਸੀਪਲ ਡਾ. ਤਰਸੇਮ ਸਿੰਘ ਭਿੰਡਰ ਦੀ ਰਹਿਨੁਮਾਈ ਹੇਠ ਤੀਜੀ ਵਾਰ "ਪਰਵਾਜ਼ 2025" ਦਾ ਓਵਰਆਲ ਚੈਂਪੀਅਨ ਬਣਿਆ ਹੈ। ਤਿੰਨ ਦਿਨਾਂ ਦੇ ਮੁਕਾਬਲਿਆਂ ਵਿੱਚ 200 ਵਿਦਿਆਰਥੀਆਂ ਨੇ ਫਾਈਨ ਆਰਟਸ, ਸਾਹਿਤ, ਸੰਗੀਤ, ਥੀਏਟਰ ਅਤੇ ਲੋਕ ਨਾਚਾਂ ਵਿੱਚ ਭਾਗ ਲਿਆ। ਆਰਟਸ ਵਿਭਾਗ ਨੇ 64.5 ਅੰਕਾਂ ਨਾਲ ਚੈਂਪੀਅਨ ਟਰਾਫ਼ੀ ਜਿੱਤੀ, ਕੰਪਿਊਟਰ ਦੂਜੇ, ਕਾਮਰਸ ਤੀਜੇ ਅਤੇ ਸਾਇੰਸ ਚੌਥੇ ਸਥਾਨ 'ਤੇ ਰਹੇ। ਪ੍ਰਿੰਸੀਪਲ ਮਨਜੀਤ ਸਿੰਘ ਅਤੇ ਮਹਿਮਾਨਾਂ ਨੇ ਵਿਦਿਆਰਥੀਆਂ ਨੂੰ ਸ਼ਲਾਘਾ ਅਤੇ ਪ੍ਰੇਰਨਾ ਦਿੱਤੀ, ਜੇਤੂ ਵਿਦਿਆਰਥੀਆਂ ਅਤੇ ਵਿਭਾਗਾਂ ਨੂੰ ਪ੍ਰਮਾਣ ਪੱਤਰ ਅਤੇ ਟਰਾਫ਼ੀਆਂ ਨਾਲ ਸਨਮਾਨਿਤ ਕੀਤਾ ਗਿਆ।

# HERITAGE

## ਟਰੰਪ ਗੋਲਡ ਕਾਰਡ ਅਧਿਕਾਰਤ ਤੌਰ ’ਤੇ ਹੋਇਆ ਲਾਈਵ




ਟਰੰਪ ਪ੍ਰਸ਼ਾਸਨ ਨੇ ਅਧਿਕਾਰਤ ਤੌਰ ’ਤੇ ਨਵਾਂ ‘ਗੋਲਡ ਕਾਰਡ’ ਵੀਜ਼ਾ ਪ੍ਰੋਗਰਾਮ ਸ਼ੁਰੂ ਕਰ ਦਿੱਤਾ ਹੈ। ਇਹ ਪ੍ਰੋਗਰਾਮ ਵਿਅਕਤੀਆਂ ਨੂੰ 10 ਲੱਖ ਅਮਰੀਕੀ ਡਾਲਰ ਦੇ ਨਿਵੇਸ਼ ’ਤੇ ਅਤੇ ਕਰਮਚਾਰੀਆਂ ਨੂੰ ਸਪਾਂਸਰ ਕਰਨ ਵਾਲੀਆਂ ਕੰਪਨੀਆਂ ਨੂੰ 20 ਲੱਖ ਡਾਲਰ ਦੇ ਨਿਵੇਸ਼ ’ਤੇ ਅਮਰੀਕਾ ਵਿੱਚ ਸਥਾਈ ਨਿਵਾਸ ਦੇਵੇਗਾ। ਅਮਰੀਕੀ ਵਣਜ ਸਕੱਤਰ ਹਾਵਰਡ ਲੁਟਨਿਕ ਨੇ ਕਿਹਾ ਕਿ ਇਸ ਪ੍ਰੋਗਰਾਮ ਦਾ ਮੁੱਖ ਉਦੇਸ਼ ਅਮਰੀਕੀ ਅਰਥਵਿਵਸਥਾ ਮਜ਼ਬੂਤ ਕਰਨਾ ਅਤੇ ਨੌਕਰੀਆਂ ਪੈਦਾ ਕਰਨਾ ਹੈ। ਸੋਸ਼ਲ ਮੀਡੀਆ ਪਲੇਟਫਾਰਮ X ’ਤੇ ਉਨ੍ਹਾਂ ਸਪਸ਼ਟ ਕੀਤਾ ਕਿ ਸਾਰੇ ਬਿਨੈਕਾਰਾਂ ਦੀ ਗ੍ਰਹਿ ਸੁਰੱਖਿਆ ਵਿਭਾਗ ਵੱਲੋਂ ਸਖ਼ਤ ਜਾਂਚ ਕੀਤੀ ਜਾਵੇਗੀ ਅਤੇ $15,000 ਪ੍ਰੋਸੈਸਿੰਗ ਫੀਸ ਵੀ ਲਾਗੂ ਹੋਵੇਗੀ। ਕੰਪਨੀਆਂ ਦੁਆਰਾ ਖਰੀਦੇ ਕਾਰਡ ਕੰਪਨੀ ਦੀ ਮਲਕੀਅਤ ਹੋਣਗੇ ਅਤੇ ਜ਼ਰੂਰਤ ਪੈਣ ’ਤੇ ਕਿਸੇ ਹੋਰ ਕਰਮਚਾਰੀ ਨੂੰ ਟ੍ਰਾਂਸਫਰ ਕੀਤੇ ਜਾ ਸਕਣਗੇ। ਲੁਟਨਿਕ ਨੇ ਕਿਹਾ ਕਿ ਇਹ ਪ੍ਰੋਗਰਾਮ ਪੁਰਾਣੇ “ਡਾਇਵਰਸਿਟੀ ਲਾਟਰੀ ਪ੍ਰੋਗਰਾਮ” ਦੀ ਥਾਂ ਲਵੇਗਾ ਜੋ ਅਮਰੀਕੀ ਹਿਤਾਂ ਲਈ ਕਾਰਗਰ ਨਹੀਂ ਸੀ। ਇਹ ਸਿਰਫ਼ ਉਹਨਾਂ ਨੂੰ ਆਗਿਆ ਦੇਵੇਗਾ ਜੋ ਦੇਸ਼ ਲਈ ਆਰਥਿਕ ਲਾਭ ਲੈ ਕੇ ਆਉਣ।

## ਅਮਰੀਕਾ H1-B ਵੀਜ਼ਾ ਲਈ ਵਸੂਲੇਗਾ 88 ਲੱਖ ਰੁਪਏ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਐਚ-1ਬੀ ਵੀਜ਼ਾ ਸਬੰਧੀ ਵੱਡਾ ਫ਼ੈਸਲਾ ਲੈਂਦਿਆਂ ਇਸ ਦੀ ਸਾਲਾਨਾ ਫੀਸ ਵਿੱਚ ਭਾਰੀ ਵਾਧਾ ਕਰ ਦਿੱਤਾ ਹੈ। ਟਰੰਪ ਨੇ ਇੱਕ ਕਾਰਜਕਾਰੀ ਆਦੇਸ਼ ’ਤੇ ਦਸਤਖ਼ਤ ਕਰਦੇ ਹੋਏ ਐਲਾਨ ਕੀਤਾ ਕਿ ਹੁਣ ਐਚ-1ਬੀ ਵੀਜ਼ਾ ਦੀ ਫੀਸ 1-6 ਲੱਖ ਰੁਪਏ ਤੋਂ ਵਧਾ ਕੇ 1 ਲੱਖ ਅਮਰੀਕੀ ਡਾਲਰ (ਲਗਭਗ 88 ਲੱਖ ਰੁਪਏ) ਕਰ ਦਿੱਤੀ ਗਈ ਹੈ। ਇਸ ਫ਼ੈਸਲੇ ਦਾ ਸਿੱਧਾ ਪ੍ਰਭਾਵ ਅਮਰੀਕਾ ਵਿੱਚ ਕੰਮ ਕਰਨ ਵਾਲੇ ਭਾਰਤੀ ਪੇਸ਼ੇਵਰਾਂ, ਖ਼ਾਸ ਕਰਕੇ ਆਈਟੀ ਖੇਤਰ ਨਾਲ ਜੁੜੇ ਲੋਕਾਂ ’ਤੇ ਪੈਣ ਦੀ ਸੰਭਾਵਨਾ ਹੈ। ਵਾਈਟ ਹਾਊਸ ਦੇ ਸਟਾਫ਼ ਸਕੱਤਰ ਵਿਲ ਸ਼ਾਰਫ਼ ਨੇ ਕਿਹਾ ਕਿ ਇਹ ਕਦਮ ਅਮਰੀਕੀ ਨੌਕਰੀਆਂ ਦੀ ਸੁਰੱਖਿਆ ਅਤੇ ਵੀਜ਼ਾ ਪ੍ਰਣਾਲੀ ਦੇ ਦੁਰਪਯੋਗ ਨੂੰ ਰੋਕਣ ਲਈ ਚੁੱਕਿਆ ਗਿਆ ਹੈ। ਉਨ੍ਹਾਂ ਕਿਹਾ ਕਿ ਐਚ-1ਬੀ ਦੁਨੀਆ ਦਾ ਸਭ ਤੋਂ ਜ਼ਿਆਦਾ ਦੁਰਵਰਤੋਂ ਕੀਤਾ ਜਾਣ ਵਾਲਾ ਵੀਜ਼ਾ ਹੈ ਅਤੇ ਹੁਣ ਸਿਰਫ਼ ਉਹੀ ਲੋਕ ਅਮਰੀਕਾ ਆ ਸਕਣਗੇ ਜੋ ਬਹੁਤ ਹੀ ਹੁਨਰਮੰਦ ਹਨ ਅਤੇ ਜਿਨ੍ਹਾਂ ਦੀ ਥਾਂ ਅਮਰੀਕੀ ਕਾਮਿਆਂ ਦੁਆਰਾ ਨਹੀਂ ਭਰੀ ਜਾ ਸਕਦੀ।

## ਆਸਟ੍ਰੇਲੀਆ ’ਚ ਹੁਣ 16 ਸਾਲ ਤੋਂ ਘੱਟ ਉਮਰ ਦੇ ਬੱਚੇ ਨਹੀਂ ਚਲਾ ਸਕਣਗੇ ਸੋਸ਼ਲ ਮੀਡੀਆ



ਆਸਟ੍ਰੇਲੀਆ ਦੇ ਅਧਿਕਾਰੀਆਂ ਨੇ ਕਿਹਾ ਕਿ ਦੇਸ਼ ਵਿੱਚ ਦਸੰਬਰ ਮਹੀਨੇ ਤੋਂ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੇ ਸੋਸ਼ਲ ਮੀਡੀਆ ਖਾਤਿਆਂ ’ਤੇ ਪਾਬੰਦੀ ਲਾਗੂ ਹੋਣ ਵਾਲੀ ਹੈ, ਜਿਸ ਕਰਕੇ ਸੋਸ਼ਲ ਮੀਡੀਆ ਪਲੇਟਫਾਰਮ 10 ਦਸੰਬਰ ਤੋਂ ਸਾਰੇ ਖਾਤਾ ਧਾਰਕਾਂ ਤੋਂ ਉਮਰ ਦੀ ਪੁਸ਼ਟੀ ਦੀ ਮੰਗ ਨਾ ਕਰਨ। ਸਰਕਾਰ ਨੇ ਟਿਕਟਾਕ, ਫੇਸਬੁੱਕ, ਸਨੈਪਚੈਟ, ਰੈਡਿਟ, ਐਕਸ ਅਤੇ ਇੰਸਟਾਗ੍ਰਾਮ ਵਰਗੇ ਪਲੇਟਫਾਰਮਾਂ ਨੂੰ ਦੁਨੀਆ ਵਿੱਚ ਪਹਿਲੀ ਵਾਰ ਲੱਗ ਰਹੀ ਅਜਿਹੀ ਪਾਬੰਦੀ ਨੂੰ ਲਾਗੂ ਕਰਨ ਸਬੰਧੀ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ।

### ◆◆ ਰੋਸੁ ਨ ਕੀਜੈ ਉਤਰੁ ਦੀਜੈ ◆◆

1. In which year did Guru Tegh Bahadur Sahib mediate a ceasefire at Dhubri, Assam?
   a) 1656 CE  b) 1669 CE
   c) 1675 CE  d) 1708 CE
2. The Dhubri ceasefire mediated by Guru Tegh Bahadur Sahib was between which two rulers?
   a) Raja Ram Singh and Raja Chakradhwaj
   b) Raja Ram Singh and Aurangzeb
   c) Shivaji and Aurangzeb
   d) Shivaji and Raja Ram Singh
3. What was the role of Guru Tegh Bahadur Sahib in the Dhubri conflict?
   a) He led an army into battle
   b) He acted as a peace mediator
   c) He signed a treaty as a ruler
   d) He avoided the situation entirely
4. Which historical site in Dhubri commemorates Guru Tegh Bahadur Sahib's role in bringing peace?
   a) Golden Temple
   b) Takht Sri Patna Sahib
   c) Gurdwara Sri Guru Tegh Bahadur Sahib (Damdama Sahib)
   d) Hazur Sahib

(ਦੇਖੋ ਉੱਤਰ ਪੰਨਾ 4 ’ਤੇ)

## *SGPC & Akal Takht condemn AI-driven fake videos of Golden Temple*



Taking serious note of the misuse of Artificial Intelligence (AI) to create fake videos related to the Golden Temple, the Shiromani Gurdwara Parbandhak Committee (SGPC) has condemned the act and called it a blatant attack on the Sikh sentiments. The premier Sikh body also urged the govt to put an immediate ban on such activities.

In a statement issued here on Tuesday, SGPC president Harjinder Singh Dhami said the videos created using AI technology not only violated the core principles of Sikhism but also hurt the religious sentiments.

"Sri Darbar Sahib (Golden Temple) is the spiritual centre of the Sikh community and a place from where the message of universal brotherhood and peace is spread to all of humanity. But the irresponsible use of technology by certain persons is deeply hurtful to the sentiments of the Sikh sangat," said Dhami.

Expressing serious concern over the increasing misuse of AI, Dhami stressed that it was the responsibility of the cybercrime cells to take concrete steps to curb such incidents. He said the SGPC had earlier flagged misleading content about Gurbani, Sikh history, and Gurmat being circulated on AI platforms following which many such videos were removed.

The SGPC will soon hold a meeting with experts and relevant organisations working in this field to chalk out a strategy to counter such threats, he added.

Dhami also appealed to the Govt of India to treat this matter with the seriousness it deserved, urging it to take immediate and effective measures by formulating a concrete policy to prevent such misuse of AI technologies.

AAO BANIYE GURSIKH PYARA
in association with
GURDWARA SRI GURU SINGH SABHA
Hari Nagar, C Block, New Delhi

Simco HERBALS

Cordially invite you to an
*International Seminar on*
**350th Shahidi Diwas of**
**Guru Tegh Bahadur Sahib Ji**

Saturday, 11th October 2025 | 3pm to 6pm
Gurdwara Sri Guru Singh Sabha, C Block Hari Nagar, New Delhi

Welcome Address : S. Amarjit Singh Takkar
Keynote address : Dr. Harjinder Singh
Speakers : Prof. Tajinder Singh, Saroj Kaur, Mamta Kaur, Amarjeet Kaur, Paramdeep Kaur, Mohinder Singh, Baltej Singh
Vote of Thanks : S. Gurmeet Singh Garcha

Comperes :
Prabhneet Kaur, Taranpreet Singh, Harpreet Singh

RSVP
Gajinder Singh, USA

ABGP Team
+91 93111 77728, 99903 93721

## SIKH MATRIMONIALS

Looking for a Gursikh boy for Khatri girl F-91--5-3" working in NYPD as Attorney. Well qualified and settled gursikh boy from USA or Canada preferred +91 8750888333

Suitable match for M- 91-5-7" Gursikh Khatri boy,well qualified and working in London (Facebook) V High Package +91 8860484847

Suitable match for gursikh boy, July 98 born/5'10", Working as a manager since 2022, Graduate in Marketing management from KPU Vancouver Canada Phone - 9953223721

ਪੰਨਾ 3 'ਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ: 1. B 2. A 3. B 4. C

Chief Editor: Dr. Harjinder Singh Editor: Dr. Davinder Singh Designer: Pavit Singh
Advisory Board: Gujinder Singh (USA), Harpreet Kaur (Belgium), Harmohinder Singh (USA), Mamta Kaur (India), Taranpreet Singh (India), Harman Singh (Canada)


email: canadasikhtimes@gmail.com, M: +1 437 673 7555